# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 06 ਨਵੰਬਰ 2025 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰਕਾਰੀ ਹਾਈ ਸਕੂਲ ਦੇ ਵਿਦਿਆਰਥੀਆਂ ਨੇ 10 ਰੋਜ਼ਾ ਟਵੀਨਿੰਗ ਪ੍ਰੋਗਰਾਮ ’ਚ ਕੀਤੀ ਵਿਜ਼ਿਟ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 6 ਨਵੰਬਰ : ਸਥਾਨਕ ਪੀ.ਐਮ.ਸ਼੍ਰੀ ਸਰਕਾਰੀ ਹਾਈ ਸਕੂਲ ਸੁਰਗਾਪੁਰੀ ਵਿਖੇ ਹੈੱਡਮਾਸਟਰ ਮਨੀਸ਼ ਛਾਬੜਾ ਦੀ ਅਗਵਾਈ ਹੇਠ ਵਿਦਿਆਰਥੀਆਂ ਨੇ 10 ਰੋਜ਼ਾ ਟਵੀਨਿੰਗ ਪ੍ਰੋਗਰਾਮ ਤਹਿਤ ਪ੍ਰੋਗਰਾਮ ਸ਼ਹੀਦ ਗੁਰਪ੍ਰੀਤ ਸਿੰਘ ਪੀ.ਐਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢਿੱਲਵਾਂ ਕਲਾਂ ਦੀ ਵਿਜ਼ਿਟ ਕੀਤੀ। ਇਹ ਪ੍ਰੋਗਰਾਮ ਪੀ.ਐਮ.ਸ਼੍ਰੀ ਸਕੀਮ ਦੇ ਉਦੇਸ਼ਾਂ, ਗੁਣਵੱਤਾਪੂਰਨ ਸਿੱਖਿਆ ਅਤੇ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਸਹਾਈ ਹੋ ਰਿਹਾ ਹੈ। ਵਿਦਿਆਰਥੀਆਂ ਨੇ ਆਪਸ ਵਿੱਚ ਸ਼ਹੀਦ ਗੁਰਪ੍ਰੀਤ ਸਿੰਘ ਪੀ.ਐਮ.ਸ਼੍ਰੀ ਸਰਕਾਰੀ ਹਾਈ ਸਕੂਲ ਢਿੱਲਵਾਂ ਕਲਾਂ ਦੇ ਵਿਦਿਆਰਥੀਆਂ ਨਾਲ ਸਹੂਲਤਾਂ, ਕਲਾਸ ਰੂਮਜ਼ ਅਤੇ ਗਤੀਵਿਧੀਆਂ ਦੀ ਪੜਚੋਲ ਕੀਤੀ। ਇਸ ਆਦਾਨ-ਪ੍ਰਦਾਨ ਨੇ ਆਪਸੀ ਸਿੱਖਿਆ, ਟੀਮ ਵਰਕ ਅਤੇ ਸੱਭਿਆਚਾਰਕ ਸਮਝ ਨੂੰ ਉਤਸ਼ਾਹਿਤ ਕੀਤਾ। ਇਸ ਪਹਿਲਕਦਮੀ ਨੇ ਸਮਾਜਿਕ-ਭਾਵਨਾਤਮਕ ਵਿਕਾਸ, ਵਿਭਿੰਨਤਾ ਅਤੇ ਸਮਾਵੇਸ਼ ਨੂੰ ਉਤਸ਼ਾਹਿਤ ਕੀਤਾ। ਵਿਦਿਆਰਥੀਆਂ ਨੂੰ ਗੁਰਦੁਆਰਾ ਗੋਦਾਵਰੀਸਰ ਸਾਹਿਬ ਢਿੱਲਵਾਂ ਕਲਾਂ ਦੇ ਦਰਸ਼ਨ ਦੀਦਾਰੇ ਕੀਤੇ। ਹੈੱਡਮਾਸਟਰ ਬਲਵਿੰਦਰ ਸਿੰਘ ਨੇ ਵਿਦਿਆਰਥੀਆਂ ਦੇ ਵਿਦਿਅਕ ਅਨੁਭਵਾਂ ਨੂੰ ਵਧਾਉਣ ਦੀ ਇਸਦੀ ਸੰਭਾਵਨਾ ਨੂੰ ਉਜਾਗਰ ਕੀਤਾ। ਇਸ ਪ੍ਰੋਗਰਾਮ ਵਿੱਚ ਇਹਨਾਂ ਬੱਚਿਆਂ ਦੀ ਅਗਵਾਈ ਸਕੂਲ ਦੇ ਸ.ਸ. ਅਧਿਆਪਕ ਰਵਿੰਦਰ ਸਿੰਘ ਨੇ ਕੀਤੀ। ਸ਼ਹੀਦ ਗੁਰਪ੍ਰੀਤ ਸਿੰਘ ਪੀ.ਐਮ.ਸ਼੍ਰੀ ਸਰਕਾਰੀ ਹਾਈ ਸਕੂਲ ਢਿੱਲਵਾਂ ਕਲਾਂ ਦੇ ਸਟਾਫ ਦਾ ਪੂਰਨ ਸਹਿਯੋਗ ਰਿਹਾ। ਇਸ ਸਮੇਂ ਰੁਪਿੰਦਰ ਸਿੰਘ ਪੰਜਾਬੀ ਮਾਸਟਰ, ਆਸ਼ੀਸ਼ ਕੁਮਾਰ ਮੈਥ ਮਾਸਟਰ, ਇਕਬਾਲ ਸਿੰਘ ਆਰਟ ਕ੍ਰਾਫਟ ਟੀਚਰ ਅਤੇ ਸ਼੍ਰੀਮਤੀ ਗੁਰਪ੍ਰੀਤ ਕੰਪਿਊਟਰ ਫੈਕਲਟੀ ਆਦਿ ਵੀ ਹਾਜ਼ਰ ਸਨ।

## ਸਾਨੂੰ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਗਏ ਮਾਰਗ ’ਤੇ ਚੱਲਣ ਦੀ ਜਰੂਰਤ : ਹਰਗੋਬਿੰਦ ਸਿੰਘ

### ਗੁਰਪੁਰਬ, ਰੁਹਾਨੀ ਚਾਨਣ ਤੇ ਸੇਵਾ ਦਾ ਦਿਹਾੜਾ : ਸ਼੍ਰਿਸ਼ਟੀ ਸ਼ਰਮਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 6 ਨਵੰਬਰ : ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਪ੍ਰਕਾਸ਼ ਦਿਹਾੜਾ ਡਾ. ਰਵਿੰਦਰ ਕਾਨਵੈਂਟ ਸਕੂਲ ਮੱਲਾ ਰੋਡ, ਬਾਜਾਖਾਨਾ ਵਿਖੇ ਸ਼ਰਧਾ ਪੂਰਵਕ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਸ੍ਰਿਸ਼ਟੀ ਸ਼ਰਮਾ ਨੇ ਬੱਚਿਆਂ ਨੂੰ ਦੱਸਿਆ ਕਿ ਗੁਰਪੁਰਬ ਸਾਨੂੰ ਗੁਰੂਆਂ ਦੀ ਸਿੱਖਿਆ ਸੱਚਾਈ, ਸੇਵਾ, ਸਮਾਨਤਾ ਅਤੇ ਪਿਆਰ ਨੂੰ ਆਪਣੀ ਜ਼ਿੰਦਗੀ ਵਿਚ ਉਤਾਰਨ ਦੀ ਪ੍ਰੇਰਣਾ ਦਿੰਦਾ ਹੈ। ਉਹਨਾ ਦੱਸਿਆ ਕਿ ਸਾਨੂੰ ਸਾਡੇ ਗੁਰੂਆਂ ਵਲੋਂ ਦਰਸਾਏ ਗਏ ਮਾਰਗਾਂ ਉਪਰ ਚੱਲਣਾ ਚਾਹੀਦਾ ਹੈ। ਉਹਨਾ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਦੀ ਭਲਾਈ ਲਈ ਨਾਮ ਜਪੋ, ਵੰਡ ਛਕੋ ਅਤੇ ਕਿਰਤ ਦਾ ਸੁਨੇਹਾ ਵੀ ਸਮੁੱਚੀ ਮਨੁੱਖਤਾ ਨੂੰ ਦਿੱਤਾ। ਇਸ ਦਿਨ ਗੁਰਦੁਆਰਿਆਂ ਵਿੱਚ ਨਗਰ ਕੀਰਤਨ ਕੱਢੇ ਜਾਂਦੇ ਹਨ, ਲੰਗਰ ਸਜਾਇਆ ਜਾਂਦਾ ਹੈ ਅਤੇ ਸੰਗਤ ਇਕੱਠੀ ਹੋ ਕੇ ਗੁਰੂ ਦੀ ਬਾਣੀ ਦਾ ਰਸ ਮਾਣਦੀ ਹੈ। ਗੁਰੂ ਨਾਨਕ ਦੇਵ ਜੀ ਨੇ ‘ਨਾਨਕ ਨਾਮ ਚੜ੍ਹਦੀਕਲਾ, ਤੇਰੇ ਭਾਣੇ ਸਰਬੱਤ ਦਾ ਭਲਾ’ ਦਾ ਸੰਦੇਸ਼ ਦਿੱਤਾ ਸੀ, ਜੋ ਮਨੁੱਖਤਾ ਦੀ ਏਕਤਾ ਦਾ ਆਧਾਰ ਹੈ। ਅੱਜ ਦੇ ਸਮੇਂ ਵਿੱਚ ਜਦੋਂ ਦੁਨੀਆ ਵੰਡਾਂ ਤੇ ਨਫਰਤਾਂ ਦਾ ਸ਼ਿਕਾਰ ਹੈ, ਗੁਰਪੁਰਬ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਅਸਲ ਖੁਸ਼ੀ ਸਿਰਫ਼ ਸਾਂਝ, ਪਿਆਰ ਤੇ ਸੇਵਾ ਵਿੱਚ ਹੈ। ਗੁਰੂ ਦੇ ਰਾਹਾਂ ’ਤੇ ਚੱਲ ਕੇ ਅਸੀਂ ਆਪਣੀ ਜ਼ਿੰਦਗੀ ਨੂੰ ਪ੍ਰਕਾਸ਼ਮਾਨ ਬਣਾ ਸਕਦੇ ਹਾਂ। ਗੁਰਪੁਰਬ ਸਿਰਫ਼ ਇੱਕ ਤਿਉਹਾਰ ਨਹੀਂ ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਅੰਦਰਲੇ ਅੰਧਕਾਰ ਨੂੰ ਸਿਰਫ਼ ਗੁਰੂ ਦੀ ਬਾਣੀ ਦੇ ਰਾਹੀ ਰੌਸ਼ਨੀ ਮਿਲ ਸਕਦੀ ਹੈ। ਇਸ ਮੌਕੇ ਸਕੂਲ ਮੁਖੀ ਸਰਦਾਰ ਹਰਗੋਬਿੰਦ ਸਿੰਘ, ਪ੍ਰਿੰਸੀਪਲ ਸ਼੍ਰੀਮਤੀ ਸ੍ਰਿਸ਼ਟੀ ਸ਼ਰਮਾ ਸਮੇਤ ਸਮੂਹ ਸਟਾਫ਼ ਹਾਜ਼ਰ ਸੀ। ਗੁਰਪੁਰਬ ਸਿੱਖ ਧਰਮ ਦਾ ਸਭ ਤੋਂ ਪਵਿੱਤਰ ਤੇ ਖੁਸ਼ੀ ਭਰਾ ਦਿਹਾੜਾ ਹੁੰਦਾ ਹੈ। ਇਹ ਸਿਰਫ਼ ਗੁਰੂ ਸਾਹਿਬ ਦੇ ਜਨਮ ਦਿਨ ਜਾਂ ਪ੍ਰਕਾਸ਼ ਪੁਰਬ ਦੀ ਯਾਦ ਨਹੀਂ, ਸਗੋਂ ਰੂਹਾਨੀ ਚਾਨਣ ਦਾ ਪ੍ਰਤੀਕ ਹੈ।

## ਪੀਰ ਬਾਬਾ ਚਿੱਟੇ ਜੋੜਿਆਂ ਵੱਲੋਂ ਬੂਟਿਆਂ ਦਾ ਲੰਗਰ ਲਾਇਆ।

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ



ਫਰੀਦਕੋਟ 6 ਨਵੰਬਰ : ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਮੁੱਖ ਰੱਖਦੇਹੋਏ ਸੋਸਾਇਟੀ ਬਾਬਾ ਪੀਰ ਬਾਬਾ ਮੋਜ਼ ਦਰਿਆ ਚਿੱਟੇ ਜੋੜਿਆ ਵਾਲਿਆ ਵੱਲੋਂ ਗੁਰੂ ਨਾਨਕ ਜੀ ਦੇ ਉਪਦੇਸ਼ ਪਵੁਨ ਗੁਰੂ ਪਾਣੀ ਪਿਤਾ ਨੂੰ ਮੰਨਦਿਆ ਹੋਇਆਂ ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਉਣ ਲਈ ਸਮੂਹ ਕਮੇਟੀ ਵੱਲੋਂ ਬੂਟਿਆਂ ਦਾ ਲੰਗਰ ਲਗਾਇਆ ਗਿਆ। ਇਸ ਸਮੇਂ ਬੋਲਦਿਆ ਕਮੇਟੀ ਦੇ ਸਰਪ੍ਰਸਤ ਰਿਟ ਐਸ ਪੀ ਮੁਖਤਿਆਰ ਸਿੰਘ, ਡਾਕਟਰ ਅਨਿਲ ਕਟਾਰੀਆ, ਸੁਰਿੰਦਰ ਚਾਵਲਾ, ਐਡਵੋਕੇਟ ਜਤਿੰਦਰ ਮੜੀਆਂ ਨੇ ਕਿਹਾ ਕਿ ਸਾਡੇ ਵੱਲੋਂ ਇਹ ਛੋਟਾ ਜਿਹਾ ਉਪਰਾਲਾ ਕੀਤਾ ਗਿਆ ਹੈ ਤਾਂ ਕਿ ਅਸਮਾਨ ਵਿੱਚ ਵੱਧ ਰਹੇ ਪ੍ਰਦੂਸ਼ਣ ਨੂੰ ਵੱਧ ਤੋਂ ਵੱਧ ਦਰੱਖਤ ਲਗਾ ਕੇ ਦੇਸ਼ ਨੂੰ ਪ੍ਰਦੂਸ਼ਣ ਰਹਿਤ ਕਰਨ ਸਕੀਏ , ਜਿਸ ਨਾਲ ਕਿ ਸਮਾਜ ਨੂੰ ਹਰਿਆ ਭਰੀਆ ਬਣਾਇਆ ਜਾ ਸਕੇ ਅਤੇ ਆਪਣੇ ਆਉਣ ਵਾਲੀਆਂ ਨਸਲਾਂ ਲਈ ਜੋ ਕਿ ਸਾਹ ਲੈਣ ਵਿੱਚ ਦਿੱਕਤ ਨਾ ਆਵੇ, ਇਸ ਨੂੰ ਮੁੱਖ ਰੱਖਦੇ ਹੋਏ ਹਰ ਸਾਲ ਦੀ ਤਰਾਂ ਹੀ ਇਹ ਬੂਟੀਆਂ ਦਾ ਲੰਗਰ ਲਗਾਇਆ ਜਾਦਾ ਹੈ। ਇਸ ਸੋਸਾਇਟੀ ਦੇ ਮੁੱਖ ਪਰਸਤ ਸ. ਮੁਖਤਿਆਰ ਸਿੰਘ ਸਾਬਕਾ ਐਸ.ਪੀ. ਅਤੇ ਜਨਰਲ ਸਕੱਤਰ ਮੋਗਾ ਬੀ.ਜੇ.ਪੀ. ਹਲਕਾ ਇੰਚਾਰਜ ਨਿਹਾਲ ਸਿੰਘ ਵਾਲਾ, ਪਰਨਾਮ ਮੌੜ ਸਰਪ੍ਰਸਤ, ਗੁਰਤੇਜ਼ ਸਿੰਘ ਪਿੰਡ ਢੁੱਡੀ ਸਰਪ੍ਰਸਤ, ਡਾ. ਅਨਿਲ ਕਟਾਰੀਆ ਚੇਅਰਮੈਨ, ਸ੍ਰੀ ਜਤਿੰਦਰ ਮੜੀਆ ਜੀ ਵਕੀਲ ਪ੍ਰਧਾਨ, ਸੁਰਿੰਦਰ ਚਾਵਲਾ ਸੈਕਟਰੀ, ਹਰਿੰਦਰ ਦੁਆ ਖਜਾਨਚੀ, ਗਗਨ ਗਰਗ ਸਲਾਹਕਾਰ, ਕਿਸ਼ੋਰੀ ਲਾਲ ਮੁੱਖ ਸੇਵਾਦਾਰ, ਪ੍ਰੇਮ ਸਾਗਰ ਮੈਂਬਰ ਅਤੇ ਕੁਝ ਰਾਜਨੀਤਿਕ ਲੋਕਾਂ ਨੇ ਹਾਜਰੀ ਲਗਵਾਈ, ਸ. ਸੰਦੀਪ ਸਿੰਘ ਸੰਨੀ ਬਰਾੜ ਸਾਬਕਾ ਓ.ਐਸ.ਡੀ., ਬਲਕਰਨ ਸਿੰਘ ਵਾਂਦਰ ਜਨਰਲ ਸਕੱਤਰ ਕਾਂਗਰਸ ਕਮੇਟੀ ਫਰੀਦਕੋਟ ਅਤੇ ਹੋਰ ਵੀ ਸ਼ਹਿਰ ਦੇ ਉਘੇ ਸਮਾਜ ਸੇਵੀ ਹਾਜਰ ਸਨ।

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ’ਤੇ ਸੂਰਵੀਰ ਮਹਾਰਾਣਾ ਪ੍ਰਤਾਪ ਚੈਰੀਟੇਬਲ ਟਰੱਸਟ ਵੱਲੋਂ 30 ਕੇਸਾਧਾਰੀ ਬੱਚੇ ਸਨਮਾਨਤ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 6 ਨਵੰਬਰ : ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜਾ ’ਤੇ ਸੂਰਵੀਰ ਮਹਾਰਾਣਾ ਪ੍ਰਤਾਪ ਚੈਰੀਟੇਬਲ ਟਰੱਸਟ ਰਜਿ: ਦੇ ਚੇਅਰਮੈਨ ਜਸਪਾਲ ਸਿੰਘ ਪੰਜਗਰਾਈ ਮੀਤ ਪ੍ਰਧਾਨ ਪੰਜਾਬ ਭਾਰਤੀ ਜਨਤਾ ਪਾਰਟੀ ਐਸ.ਸੀ. ਮੋਰਚਾ ਪੰਜਾਬ ਵਿਧਾਨ ਸਭਾ ਹਲਕਾ ਜੈਤੋ ਵੱਲੋਂ ਪੰਜਗਰਾਈ ਕਲਾਂ ਦੇ 5 ਤੋਂ 15 ਸਾਲ ਕੇਸਾਧਾਰੀ ਅਤੇ ਅੰਮ੍ਰਿਤਧਾਰੀ 30 ਬੱਚਿਆਂ ਨੂੰ ਮੈਡਲ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਜਸਪਾਲ ਸਿੰਘ ਪੰਜਗਰਾਈ ਨੇ ਕਿਹਾ ਕਿ ਪੰਜਾਬ ਤੋਂ ਇਲਾਵਾ ਪੂਰੇ ਭਾਰਤ ਵਿੱਚ ਵੀ ਅੱਜ ਧਰਮ ਪਰਿਵਰਤਨ ਦਾ ਪੂਰੀ ਤਰ੍ਹਾਂ ਬੋਲ ਬਾਲਾ ਚੱਲ ਰਿਹਾ ਹੈ, ਜਿਸ ਕਰਕੇ ਸਾਡੇ ਸਿੱਖ ਧਰਮ ਦੀ ਕਮੀ ਮਹਿਸੂਸ ਹੋ ਰਹੀ ਹੈ, ਅੱਜ ਬਹੁਤ ਸਾਰੇ ਪੰਜਾਬ ਦੇ ਲੋਕ ਧਰਮ ਪਰਿਵਰਤਨ ਕਰਕੇ ਇਸਾਈ ਧਰਮ ਨੂੰ ਪਹਿਨਾ ਰਹੇ ਹਨ, ਜੋ ਕਿ ਹੈਰਾਨੀਜਨਕ ਅਤੇ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਉਹਨਾਂ ਕਿਹਾ ਕਿ ਮੈਂ ਅੱਜ ਵਿਧਾਨ ਸਭਾ ਜੈਤੋ ਦੇ ਸਾਰੇ ਹੀ ਪਿੰਡਾਂ ਵਿੱਚ ਸਿੱਖ ਧਰਮ ਨਾਲ ਨੌਜਵਾਨ ਬੱਚਿਆਂ ਨੂੰ ਜੋੜਨ ਲਈ ਇਹ ਇਕ ਛੋਟਾ ਜਿਹਾ ਉਪਰਾਲਾ ਹੈ। ਉਹਨਾਂ ਇਹ ਵੀ ਕਿਹਾ ਕਿ ਕਿਹਾ ਕਿ ਸਮਾਜ ਵਿੱਚੋਂ ਕਈ ਲੋਕ ਬਹੁਤ ਥੋੜ੍ਹਾ ਜਿਹਾ ਲਾਲਚ ਕਰਕੇ ਧਰਮ ਪਰਿਵਰਤਨ ਕਰ ਰਹੇ ਹਨ, ਜਿਸ ਕਰਕੇ ਅੱਜ ਪੂਰੇ ਦੇਸ਼ ਵਿੱਚ ਇਸਾਈ ਧਰਮ ਦਾ ਬੋਲ ਬਾਲਾ ਵੱਧ ਗਿਆ ਹੈ। ਉਹਨਾਂ ਸਾਰੇ ਪਿੰਡਾਂ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘਾਂ ਅਤੇ ਪ੍ਰਚਾਰਕਾਂ ਨੂੰ ਅਪੀਲ ਕੀਤੀ ਕਿ ਪਿੰਡਾਂ ਵਿੱਚ ਮਿਲ ਕੇ ਧਰਮ ਪਰਿਵਰਤਨ ਨੂੰ ਰੋਕਣਾ ਚਾਹੀਦਾ ਹੈ ਅਤੇ ਸਿੱਖ ਧਰਮ ਦੇ ਨਾਲ ਜੋੜਨ ਲਈ ਸਾਰੇ ਲੋਕਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਸ ਸਮੇਂ ਉਹਨਾਂ ਨਾਲ ਸਾਬਕਾ ਸਰਪੰਚ ਰਾਮ ਸਿੰਘ, ਨੰਬਰਦਾਰ ਬਲਕਾਰ ਸਿੰਘ, ਪਰਮਜੀਤ ਕੌਰ ਟਰੱਸਟੀ ਮੈਂਬਰ ਮਨਪ੍ਰੀਤ ਕੌਰ ਟਰਸਟੀ ਮੈਂਬਰ, ਨਸੀਬ ਸਿੰਘ ਔਲਖ ਅਤੇ ਬੱਚੇ ਵੀ ਹਾਜ਼ਰ ਸਨ।

## ਤਰਕਸ਼ੀਲ ਸੁਸਾਇਟੀ ਨੇ ਇਕਾਈ ਸੰਗਰੂਰ ਦਾ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦਾ ਨਤੀਜਾ ਐਲਾਨਿਆ

### ਪ੍ਰੀਖਿਆ ਵਿੱਚ ਕੁੜੀਆਂ ਰਹੀਆਂ ਮੋਹਰੀ

### ਪ੍ਰੀਖਿਆ ਦਾ ਉਦੇਸ਼ ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ ਵਿਕਸਤ ਕਰਨਾ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ



ਸੰਗਰੂਰ 6 ਨਵੰਬਰ : ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ ਵਿਕਸਤ ਕਰਨ ਤੇ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਦੇ ਮਕਸਦ ਨੂੰ ਲੈ ਕੇ ਪੰਜਾਬ ਦੇ ਵੱਡੀ ਗਿਣਤੀ ਸਕੂਲਾਂ ਵਿੱਚ 5-6 ਅਤੇ 27 ਅਕਤੂਬਰ ਨੂੰ ਕਰਵਾਈ ਗਈ ਮਹਾਨ ਗ਼ਦਰੀ ਬੀਬੀ ਗੁਲਾਬ ਕੌਰ ਨੂੰ ਸਮਰਪਿਤ ਸੱਤਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਇਕਾਈ ਸੰਗਰੂਰ ਦੇ ਨਤੀਜੇ ਦਾ ਅੱਜ ਐਲਾਨ ਕਰ ਦਿੱਤਾ ਗਿਆ। ਇਹ ਨਤੀਜਾ tarksheel.co.in ਉਤੇ ਵੇਖਿਆ ਜਾ ਸਕਦਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ, ਸੀਤਾ ਰਾਮ, ਸੁਰਿੰਦਰ ਪਾਲ, ਗੁਰਦੀਪ ਸਿੰਘ ਲਹਿਰਾ, ਕ੍ਰਿਸ਼ਨ ਸਿੰਘ, ਪ੍ਰਗਟ ਬਾਲੀਆਂ ਨੇ ਦੱਸਿਆ ਕਿ ਮਿਡਲ , ਸੈਕੰਡਰੀ ਤੇ ਅਪਰ ਸੈਕੰਡਰੀ ਦੇ ਤਿੰਨ ਗਰੁੱਪਾਂ ਵਿੱਚ ਕੁੱਲ 60 ਅੰਕਾਂ ਦੀ ਹੋਈ ਇਸ ਪ੍ਰੀਖਿਆ ਵਿੱਚ ਬਚਪਨ ਇੰਗਲਿਸ਼ ਸਕੂਲ ਸੰਗਰੂਰ ਦੀ ਸੱਤਵੀਂ ਜਮਾਤ ਦੀ ਵਿਦਿਆਰਥਣ ਵਾਨੀ ਪੁੱਤਰੀ ਲਵਨੀਤ ਕੁਮਾਰ ਨੇ 57 ਅੰਕ ਪ੍ਰਾਪਤ ਕਰਕੇ ਸੂਬੇ ਵਿੱਚ ਸੱਤਵੀਂ ਜਮਾਤ ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ,ਇਸ ਤਰ੍ਹਾਂ ਅੱਠ ਇਕਾਈਆਂ ਦੇ ਅਧਾਰਤ ਸੰਗਰੂਰ- ਬਰਨਾਲਾ ਜੋਨ ਵਿੱਚ 5284 ਵਿਦਿਆਰਥੀਆਂ ਦੀ 80 ਪ੍ਰੀਖਿਆ ਕੇਂਦਰਾਂ ਵਿੱਚ ਹੋਈ ਪ੍ਰੀਖਿਆ ਵਿੱਚ ਬਚਪਨ ਇੰਗਲਿਸ਼ ਸਕੂਲ ਸੰਗਰੂਰ ਦੇ ਛੇਵੀਂ ਜਮਾਤ ਦੇ ਵਿਦਿਆਰਥੀ ਪਰਮਜੀਤ ਸਿੰਘ ਪੁੱਤਰ ਮਲਕੀਤ ਸਿੰਘ ਨੇ 51 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ , ਦੇਵਰਾਜ ਡੀ ਏ ਵੀ ਪਬਲਿਕ ਸਕੂਲ ਲਹਿਰਾਗਾਗਾ ਦੀ ਬੱਚੀ ਪਰਨੀਤ ਕੌਰ ਪੁੱਤਰੀ ਮਲਕੀਤ ਨੇ 52 ਅੰਕ ਪ੍ਰਾਪਤ ਕਰਕੇ ਜੋਨ ਪੱਧਰੀ ਸੱਤਵੀਂ ਜਮਾਤ ਵਿੱਚ ਪਹਿਲਾ ਸਥਾਨ, ਸੀਬਾ ਇੰਟਰਨੈਸ਼ਨਲ ਪਬਲਿਕ ਸਕੂਲ ਲਹਿਰਾਗਾਗਾ ਦੀ ਬੱਚੀ
ਅਰਸ਼ਦੀਪ ਕੌਰ ਪੁੱਤਰੀ ਰਾਜ ਕੁਮਾਰ ਨੇ 53 ਅੰਕ ਪ੍ਰਾਪਤ ਕਰਕੇ ਜੋਨ ਪੱਧਰੀ 8 ਵੀਂ ਜਮਾਤ ਵਿੱਚੋ ਦੂਜਾ ਸਥਾਨ ਤੇ ਇਸੇ ਸਕੂਲ ਦੇ ਧੰਨਵੀਰ ਸਿੰਘ ਪੁੱਤਰ ਗੁਰਤੇਜ ਸਿੰਘ 56 ਅੰਕ ਪ੍ਰਾਪਤ ਕਰਕੇ ਜੋਨ ਪੱਧਰ ਤੇ 9 ਵੀਂ ਜਮਾਤ ਵਿੱਚ ਦੂਜਾ ਸਥਾਨ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ ਦੀ ਵਿਦਿਆਰਥਣ ਸੁਨੀਤਾ ਕੌਰ ਪੁੱਤਰੀ ਭਗਵਾਨ ਸਿੰਘ ਨੇ 50 ਅੰਕ ਪ੍ਰਾਪਤ ਕਰਕੇ ਜੋਨ ਪੱਧਰੀ ਗਿਆਰਵੀਂ ਜਮਾਤ ਵਿੱਚ ਪਹਿਲਾ ਸਥਾਨ, ਇਸ ਤਰ੍ਹਾਂ ਅਪਰ ਸੈਕੰਡਰੀ ਜਮਾਤ ਵਿੱਚ ਬਾਲ ਸਿਖਿਆ ਭਾਰਤੀ ਸਕੂਲ ਬਨਾਰਸੀ ਨਾਲ ਸੰਬੰਧਿਤ ਖੁਸ਼ੀ ਗਿੱਲ ਪੁੱਤਰੀ ਸੁਰਿੰਦਰ ਕੁਮਾਰ ਨੇ 54 ਅੰਕ ਪ੍ਰਾਪਤ ਕਰਕੇ ਜੋਨ ਵਿੱਚ ਪਹਿਲਾ ਸਥਾਨ ,ਸਰਕਾਰੀ ਰਣਬੀਰ ਕਾਲਜ ਸੰਗਰੂਰ ਦੀ ਵਿਦਿਆਰਥਣ ਮੰਜੂ ਰਾਇਕਾ ਪੁੱਤਰੀ ਸੁਖਵਿੰਦਰ ਰਾਇਕਾ ਨੇ ਅਪਰ ਸੈਕੰਡਰੀ ਵਿੱਚ ਜੋਨ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ । ਆਗੂਆਂ ਦੱਸਿਆ ਕਿ ਹਰ ਜਮਾਤ ਦੇ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਸੂਬਾ ਮੈਰਿਟ ਸੂਚੀ ਵਿੱਚ ਹਨ, ਉਸਤੋਂ ਅਗਲੇ ਹਰੇਕ ਜਮਾਤ ਦੇ ਦੋ ਵਿਦਿਆਰਥੀ ਜੋਨ ਮੈਰਿਟ ਸੂਚੀ ਵਿੱਚ ਤੇ ਉਸਤੋਂ ਅਗਲੇ ਵਿਦਿਆਰਥੀ ਇਕਾਈ ਦੀ ਮੈਰਿਟ ਸੂਚੀ ਵਿੱਚ ਹਨ ਜੋ ਪ੍ਰੀਖਿਆ ਵਿੱਚ ਸ਼ਾਮਲ ਵਿਦਿਆਰਥੀਆਂ ਦੀ ਗਿਣਤੀ ਮੁਤਾਬਿਕ ਹੈ, ਆਗੂਆਂ ਦੱਸਿਆ ਇਕਾਈ ਸੰਗਰੂਰ ਦੇ ਸੂਬਾ ਤੇ ਜੋਨ ਪੱਧਰੀ ਮੈਰਿਟ ਤੋਂ ਅਗਲੇ ਘੱਟੋ ਘੱਟ ਹਰੇਕ ਜਮਾਤ ਦੇ 5 ਵਿਦਿਆਰਥੀ ਇਕਾਈ ਦੀ ਮੈਰਿਟ ਸੂਚੀ ਵਿੱਚ ਸ਼ਾਮਲ ਹਨ। ਇਕਾਈ ਦੀ ਮੈਰਿਟ ਸੂਚੀ ਛੇਤੀ ਘੋਸ਼ਿਤ ਕਰ ਦਿੱਤਾ ਜਾਵੇਗਾ।
ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਸੂਬਾ ਪੱਧਰੀ ਮੈਰਿਟ ਵਾਲੇ ਵਿਦਿਆਰਥੀਆਂ ਨੂੰ ਦਸੰਬਰ ਮਹੀਨੇ ਵਿੱਚ ਸੂਬਾਈ ਪੱਧਰ ਤੇ ਤਰਕਸ਼ੀਲ ਭਵਨ ਬਰਨਾਲੇ ਵਿਖੇ ਹੋਣ ਵਾਲੇ ਵਿਸ਼ੇਸ਼ ਸਨਮਾਨ ਸਮਾਗਮ ਵਿੱਚ ਨਕਦ ਇਨਾਮ, ਤਰਕਸ਼ੀਲ ਕਿਤਾਬਾਂ,ਯਾਦਗਾਰੀ ਚਿੰਨ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸੇ ਤਰਾਂ ਜੋਨ ਵਿੱਚ ਪਹਿਲਾ ਤੇ ਦੂਜਾ ਪ੍ਰਾਪਤ ਕਰਨ ਵਾਲੇ ਅਤੇ ਇਕਾਈ ਪੱਧਰ ਤੇ ਮੋਹਰੀ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਸਥਾਨਕ ਪੱਧਰ ਤੇ ਸਨਮਾਨ ਸਮਾਗਮ ਅਯੋਜਿਤ ਕਰਕੇ ਤਰਕਸ਼ੀਲ ਕਿਤਾਬਾਂ, ਪੜ੍ਹਨ ਸਮੱਗਰੀ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਤਰਕਸ਼ੀਲ ਆਗੂਆਂ ਨੇ ਪ੍ਰੀਖਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜਨ ਲਈ ਸਾਰੇ ਸਕੂਲ ਮੁਖੀਆਂ,ਪ੍ਰਬੰਧਕ ਕਮੇਟੀਆਂ, ਪ੍ਰਿੰਸੀਪਲਾਂ,ਅਧਿਆਪਕਾਂ,ਮਾਪਿਆਂ ਦੇ ਇਲਾਵਾ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਹੈ।

## ਗੋਬਿੰਦਰ ਸਿੰਘ ਸੋਹਲ ਚਿਤਰਕਾਰ ਸਵਰਗਵਾਸ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ 6 ਨਵੰਬਰ : ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਾਹਕਾਰ ਪੇਂਟਿੰਗ ਬਣਾਉਣ ਵਾਲਾ ਚਿਤਰਕਾਰ ਗੋਬਿੰਦਰ ਸਿੰਘ ਸੋਹਲ 3 ਨਵੰਬਰ 2025 ਨੂੰ ਅਣਗੌਲਿਆਂ ਹੀ ਸਵਰਗ ਸਿਧਾਰ ਗਿਆ। ਉਹ ਲੰਬੇ ਸਮੇਂ ਤੋਂ ਅੱਖਾਂ ਅਤੇ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਸੀ। ਆਰਥਿਕ ਮਜ਼ਬੂਰੀਆਂ ਕਰਕੇ ਉਸਨੂੰ ਬਿਹਤਰੀਨ ਇਲਾਜ ਨਹੀਂ ਮਿਲ ਸਕਿਆ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਸੰਸਥਾਵਾਂ ਅਤੇ ਪੰਜਾਬ ਸਰਕਾਰ ਨੇ ਪਰਿਵਾਰ ਦੀ ਬਾਂਹ ਨਹੀਂ ਫੜ੍ਹੀ। ਗੋਬਿੰਦਰ ਸੋਹਲ 68 ਸਾਲ ਦਾ ਸੀ। ਉਸਦੇ ਸਵਰਗਵਾਸ ਹੋ ਜਾਣ ’ਤੇ ਅਮਰਜੀਤ ਸਿੰਘ ਵੜੈਚ ਸਾਬਕਾ ਸਟੇਸ਼ਨ ਡਾਇਰੈਕਟਰ ਆਲ ਇੰਡੀਆ ਰੇਡੀਓ ਪਟਿਆਲਾ ਅਤੇ ਉਜਾਗਰ ਸਿੰਘ ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਹੈ ਕਿ ਕਲਾ ਜਗਤ ਵਿੱਚ ਗੋਬਿੰਦਰ ਸੋਹਲ ਦੀ ਘਾਟ ਹਮੇਸ਼ਾ ਰੜਕਦੀ ਰਹੇਗੀ। ਉਹ ਆਪਣੇ ਪਿੱਛੇ ਪਤਨੀ ਸੀਮਾ ਸੋਹਲ ਅਤੇ ਦੋਵੇਂ ਅਣਵਿਆਹੇ ਬੱਚੇ ਲੜਕੀ ਸੀਰਤ ਸੋਹਲ ਅਤੇ ਲੜਕਾ ਅੰਗਦ ਸੋਹਲ ਨੂੰ ਛੱਡ ਗਏ ਹਨ। ਅੱਜ ਉਨ੍ਹਾਂ ਦਾ ਤ੍ਰਿਪੜੀ ਸ਼ਮਸ਼ਾਨ ਘਾਟ ਵਿੱਚ ਅੰਤਮ ਸਸਕਾਰ ਪੂਰੇ ਧਾਰਮਿਕ ਰੀਤੀ ਰਿਵਾਜ਼ਾਂ ਅਨੁਸਾਰ ਕਰ ਦਿੱਤਾ ਗਿਆ। ਇਸ ਮੌਕੇ ਤੇ ਵੱਡੀ ਗਿਣਤੀ ਵਿੱਚ ਡਾਕਟਰ, ਵਕੀਲ, ਅਦਾਕਾਰ, ਕਲਾਕਾਰ, ਚਿਤਰਕਾਰ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਹੋਈਆਂ, ਜਿਨ੍ਹਾਂ ਵਿੱਚ ਵਿਨੋਦ ਕੌਸ਼ਲ ਪ੍ਰਧਾਨ ਪਟਿਆਲਾ ਥੇਟਰ ਫੋਰਮ, ਗੁਰਨੇਕ ਸਿੰਘ ਭੱਟੀ ਜਨਰਲ ਸਕੱਤਰ, ਨਵਲ ਕਿਸ਼ੋਰ, ਸਾਹਿਤਕਾਰ ਬਲਵਿੰਦਰ ਸਿੰਘ ਭੱਟੀ, ਜਗਜੀਤ ਸਿੰਘ ਸੱਗੂ ਪ੍ਰਧਾਨ ਰਾਮਗੜ੍ਹੀਆ ਅਕਾਲ ਜਥੇਬੰਦੀ ਪੰਜਾਬ, ਅਮਰਜੀਤ ਸਿੰਘ ਰਾਮਗੜ੍ਹੀਆ, ਭਗਵਾਨ ਸ੍ਰੀ ਵਿਸ਼ਕਰਮਾ ਮੰਦਰ ਕਮੇਟੀ, ਅਵਤਾਰ ਸਿੰਘ ਨਨਹੇੜਾ ਪ੍ਰਧਾਨ ਕੰਬਾਈਨ ਐਂਡ ਐਗਰੀਕਲਚਰ ਇਮਪਲੀਮੈਂਟਸ ਵੈਲਫੇਅਰ ਐਸੋਸੀਏਸ਼ਨ ਨਾਭਾ ਸ਼ਾਮਲ ਹਨ। ਚਿਖਾ ਨੂੰ ਅਗਨੀ ਗਵਿੰਦਰ ਸੋਹਲ ਦੇ ਸਪੁੱਤਰ ਅੰਗਦ ਸੋਹਲ ਨੇ ਵਿਖਾਈ। ਅੰਤਮ ਅਰਦਾਸ 15 ਨਵੰਬਰ ਨੂੰ ਪਿੰਡ ਬਾਰਨ ਵਿਖੇ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

## ਨਵ-ਨਿਯੁਕਤ ਮਾਲੀਆਂ ਨੂੰ ਬਾਬਾ ਫਰੀਦ ਯੂਨੀਵਰਸਿਟੀ ਵਲੋਂ ਵੰਡੇ ਗਏ ਨਿਯੁਕਤੀ ਪੱਤਰ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 6 ਨਵੰਬਰ : ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਫ਼ਰੀਦਕੋਟ ਦੇ ਵਾਈਸ ਚਾਂਸਲਰ ਪ੍ਰੋਫੈਸਰ (ਡਾ.) ਰਾਜੀਵ ਸੂਦ ਦੀ ਦੂਰਅੰਦੇਸ਼ੀ ਅਗਵਾਈ ਹੇਠ 7 ਨਵ-ਨਿਯੁਕਤ ਮਾਲੀ (ਮਾਲੀ) ਨੂੰ ਨਿਯੁਕਤੀ ਪੱਤਰ ਵੰਡੇ ਗਏ। ਨਿਯੁਕਤੀ ਪੱਤਰ ਪ੍ਰੋਫੈਸਰ (ਡਾ.) ਰਾਜੀਵ ਸੂਦ ਦੁਆਰਾ ਨਿੱਜੀ ਤੌਰ ’ਤੇ ਰਜਿਸਟਰਾਰ ਅਰਵਿੰਦ ਕੁਮਾਰ; ਡਾ. ਨੀਤੂ ਕੁੱਕੜ, ਮੈਡੀਕਲ ਸੁਪਰਡੈਂਟ ਅਤੇ ਡਾ. ਸੌਰਵ ਸਿਨਹਾ ਦੀ ਮੌਜੂਦਗੀ ਵਿੱਚ ਸੌਂਪੇ ਗਏ। ਇਸ ਮੌਕੇ ਪ੍ਰੋਫੈਸਰ (ਡਾ.) ਰਾਜੀਵ ਸੂਦ ਨੇ ਸਾਰੇ ਨਵ-ਨਿਯੁਕਤ ਕਰਮਚਾਰੀਆਂ ਨੂੰ ਵਧਾਈਆਂ ਦਿੰਦਿਆਂ ਪੰਜਾਬ ਸਰਕਾਰ ਦੇ ਉੱਦਮ ਦੀ ਸ਼ਲਾਘਾ ਕੀਤੀ, ਜਿਸ ਦਾ ਉਦੇਸ਼ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਨਾ ਸਿਰਫ਼ ਜਨਤਕ ਸੰਸਥਾਵਾਂ ਨੂੰ ਮਜ਼ਬੂਤ ਕਰਦੀਆਂ ਹਨ ਸਗੋਂ ਨੌਜਵਾਨ ਵਿਅਕਤੀਆਂ ਨੂੰ ਰਾਜ ਦੇ ਵਿਕਾਸ ਅਤੇ ਵਿਕਾਸ ਵਿੱਚ ਸਾਰਥਕ ਯੋਗਦਾਨ ਪਾਉਣ ਲਈ ਵੀ ਪ੍ਰੇਰਿਤ ਕਰਦੀਆਂ ਹਨ। ਇਸ ਮੌਕੇ ਯੂਨੀਵਰਸਿਟੀ ਦੇ ਹਰੇ ਭਰੇ ਵਾਤਾਵਰਣ ਅਤੇ ਸ਼ਾਂਤ ਕੈਂਪਸ ਮਾਹੌਲ ਨੂੰ ਬਣਾਈ ਰੱਖਣ ਵਿੱਚ ਯੋਗਦਾਨ ਪਾਉਂਦੇ ਹੋਏ, ਇਮਾਨਦਾਰੀ, ਸਮਰਪਣ ਅਤੇ ਸੇਵਾ ਦੀ ਭਾਵਨਾ ਨਾਲ ਆਪਣੇ ਫਰਜ਼ ਨਿਭਾਉਣ ਲਈ ਉਤਸ਼ਾਹਿਤ ਕੀਤਾ। ਉਹਨਾ ਕਿਹਾ ਕਿ ਬੀਐਫਯੂਐਚਐਸ ਆਪਣੇ ਅਕਾਦਮਿਕ ਅਤੇ ਸਿਹਤ ਸੰਭਾਲ ਮਿਸ਼ਨਾਂ ਲਈ ਸਭ ਤੋਂ ਵਧੀਆ ਮਨੁੱਖੀ ਸਰੋਤ ਸਹਾਇਤਾ ਨੂੰ ਯਕੀਨੀ ਬਣਾਉਣ ਲਈ ਸਾਰੀਆਂ ਭਰਤੀ ਪ੍ਰਕਿਰਿਆਵਾਂ ਵਿੱਚ ਪਾਰਦਰਸ਼ਤਾ, ਕੁਸ਼ਲਤਾ ਅਤੇ ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਦੇ ਸਰਕਾਰ ਦੇ ਦ੍ਰਿਸ਼ਟੀਕੋਣ ਦੀ ਪਾਲਣਾ ਕਰਨਾ ਜਾਰੀ ਰੱਖਦਾ ਹੈ।

# ਕੰਮੀਆਂ ਦੇ ਵਿਹੜੇ ਦਾ ਮਘਦਾ ਸੂਰਜ – ਸੰਤ ਰਾਮ ਉਦਾਸੀ ( 6ਨਵੰਬਰ ਨੂੰ ਜਨਮ ਬਰਸੀ ਤੇ ਵਿਸ਼ੇਸ਼)



ਵਰਲਡ ਪੰਜਾਬੀ ਟਾਈਮਜ਼
ਜਗਮੋਹਣ ਸ਼ਾਹ ਰਾਇਸਰ

ਇਨਕਲਾਬ ਨੂੰ ਮਹਿਬੂਬ ਆਖਣ ਵਾਲੀ ਇਹ ਵਿਦਰੋਹੀ ਆਵਾਜ਼ ਨੂੰ ਸੰਤ ਰਾਮ ਉਦਾਸੀ ਦੇ ਰੂਪ ਵਿੱਚ ਸਾਥੋਂ ਵਿੱਛੜਿਆਂ ਅੱਜ 39 ਸਾਲ ਬੀਤ ਗਏ ਹਨ|

ਜ਼ਿਲ੍ਹਾ ਬਰਨਾਲਾ ਦੇ ਪਿੰਡ ਰਾਇਸਰ ਵਿੱਚ 20 ਅਪ੍ਰੈਲ 1939 ਨੂੰ ਕੰਮੀਆਂ ਦੇ ਵਿਹੜੇ ਕਿਰਤੀ ਪਰਿਵਾਰ 'ਚ ਪਿਤਾ ਸ੍ਰ. ਮੇਹਰ ਸਿੰਘ ਦੇ ਘਰ ਮਾਤਾ ਧੰਨ ਕੌਰ ਦੀ ਕੁੱਖੋਂ ਜਨਮੇ ਸੰਤ ਰਾਮ ਉਦਾਸੀ ਨੇ ਜ਼ਿੰਦਗੀ ਦਾ ਸਾਰਾ ਅਨੁਭਵ ਆਪਣੇ ਹੱਡੀ ਹੰਢਾਇਆ |ਬਚਪਨ 'ਚ ਤੱਤੀ -ਤੱਤੀ ਰੇਤ ਰੇਤ 'ਚ ਨੰਗੇ ਪੈਰੀਂ ਪਸ਼ੂ ਚਾਰੇ |ਜੇਠ -ਹਾੜ੍ਹ ਦੀਆਂ ਕੜਾਕੇ ਦੀਆਂ ਧੁੱਪਾਂ ਆਪਣੇ ਪਿੰਡੇ ਤੇ ਹੰਢਾਈਆਂ |ਪੋਹ -ਮਾਘ ਦੀ ਸੁੰਨ ਕਰ ਦੇਣ ਵਾਲੀ ਠੰਢ ਆਪਣੇ ਸਰੀਰ ਤੇ ਝੱਲੀ |ਇਸ ਅਨੁਭਵ 'ਚੋਂ ਹੀ ਉਸਨੇ ਆਪਣੀ ਕਵਿਤਾ ਲਈ ਬਿੰਬ ਪ੍ਰਾਪਤ ਕੀਤੇ|ਉਸਨੇ ਬਚਪਨ ਵਿੱਚ ਅੰਤਾਂ ਦੀ ਗਰੀਬੀ ਦੇਖੀ |ਉਹ ਸਮਾਂ ਜਗੀਰੂ ਜਕੜ ਦਾ ਸੀ |ਜਾਤ -ਪਾਤ ਦਾ ਵਿਤਕਰਾ ਵੱਡੀ ਪੱਧਰ 'ਤੇ ਜਾਰੀ ਸੀ|ਇਸ ਦਾ ਸਰਾਪ ਉਦਾਸੀ ਨੂੰ ਮਿਲਿਆ ਹੋਇਆ ਸੀ |ਰਜਵਾੜਿਆ ਦੇ ਜਬਰ ਦਾ ਨਿਸ਼ਾਨਾ ਉਦਾਸੀ ਬਚਪਨ ਤੋਂ ਹੀ ਸੀ |ਇਸੇ ਲਈ ਉਸ ਦੀ ਸਮੁੱਚੀ ਕਵਿਤਾ ਵਿੱਚ ਵਧੇਰੇ ਵਿਦਰੋਹ ਇਹਨਾਂ ਪਾਤਰਾਂ ਖਿਲਾਫ ਸੇਧਤ ਹੈ|

ਸੰਤ ਰਾਮ ਉਦਾਸੀ ਕਿਰਤੀ ਲੋਕਾਂ ਦੀ ਲੁੱਟ -ਖਸੁੱਟ, ਦਮਨ, ਤੰਗੀਆਂ -ਤੁਰਸ਼ੀਆਂ, ਗੁਰਬਤ, ਔਕੜਾਂ ਅਤੇ ਉਨ੍ਹਾਂ ਦੀਆਂ ਸਧਰਾਂ ਦਾ ਸਫਲ ਚਿਤਰਨ ਕਰਦਾ ਸੀ |ਇਹ ਹੀ ਨਹੀ ਉਹ ਠੋਸ ਰੂਪ ਵਿੱਚ ਜਮਾਤੀ ਵਿਰੋਧੀਆਂ ਤੇ ਲੁਟੇਰਿਆਂ ਦੀ ਸ਼ਨਾਖਤ ਕਰਨ ਵਾਲਾ ਸ਼ਾਇਰ ਸੀ |ਉਦਾਸੀ ਨੇ ਕਿਰਤੀ ਲੋਕਾਂ ਦੇ ਆਰਥਿਕ ਦਮਨ ਨੂੰ ਹੀ ਗੀਤ -ਕਵਿਤਾ ਵਿੱਚ ਹੀ ਨਹੀ ਢਾਲਿਆ, ਸਗੋਂ ਉਨ੍ਹਾਂ ਦੀ ਮਾਨਸਿਕ, ਸਰੀਰਕ, ਮਨੋਵਿਗਿਆਨਕ ਲੁੱਟ ਨੂੰ ਵੀ ਆਪਣੀਆਂ ਰਚਨਾਵਾਂ ਰਾਂਹੀ ਸਫਲਤਾ ਪੂਰਵਕ ਉਜਾਗਰ ਕੀਤਾ |ਅਨੇਕਾਂ ਰਚਨਾਵਾਂ ਹਨ ਜਿਨ੍ਹਾਂ ਦੀਆਂ ਟੂਕਾਂ ਉਪਰੋਕਤ ਦੀ ਪੁਸ਼ਟੀ ਕਰਦੀਆਂ ਹਨ, ਜਿਵੇ :-

ਸਾਡੇ ਪਿੜ ਵਿੱਚ ਤੇਰੇ ਗਲ ਚਿਥੜੇ, ਮੇਰੀਏ ਜੁਆਨ ਕਣਕੇ,
ਕੱਲ੍ਹ ਸ਼ਾਹਾਂ ਦੇ ਗੁਦਾਮਾਂ ਵਿੱਚੋਂ ਨਿਕਲੇਂ ਤੂੰ ਸੋਨੇ ਦਾ ਪਟੋਲਾ ਬਣਕੇ |

ਆਮ ਲੋਕਾਂ ਵਿੱਚ ਉਦਾਸੀ ਦੀ ਮਕਬੂਲੀਅਤ ਦਾ ਕਾਰਨ ਇਹ ਵੀ ਹੈ ਕਿ ਇਹ ਵਿਦਰੋਹੀ ਆਵਾਜ਼ ਉਨ੍ਹਾਂ ਨੂੰ ਵੱਧ ਖਿੱਚ ਪਾਉਦੀ ਹੈ, ਕਿਉਂਕਿ ਉਹ ਇਸ ਜਕੜ ਦਾ ਵਧੇਰੇ ਸ਼ਿਕਾਰ ਹਨ|

1979 ਵਿੱਚ ਉਦਾਸੀ ਇੰਡੀਅਨ ਪੀਪਲਜ਼ ਐਸੋਸ਼ੀਏਸ਼ਨ ਇਨ ਨੌਰਥ ਅਮਰੀਕਾ ਦੇ ਸੱਦੇ ਤੇ ਕੇਨੈਡਾ ਗਿਆ । ਕੇਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਵੱਖ -ਵੱਖ ਸ਼ਹਿਰਾਂ ਵਿੱਚ ਪ੍ਰੋਗਰਾਮ ਕੀਤੇ ।ਪੋਰਟ ਅਲਬਰਨੀ ਵਿੱਚ ਕਰਵਾਏ ਇੱਕ ਪ੍ਰੋਗਰਾਮ ਦੌਰਾਨ ਉਦਾਸੀ ਨੇ ਜਦੋ

ਚੜ੍ਹਨ ਵਾਲਿਓ ਹੱਕਾਂ ਦੀ ਭੇਟ ਉੱਤੇ,
ਥੋਨੂੰ ਸ਼ਰਧਾ ਦੇ ਫੁਲ ਚੜ੍ਹੋਣ ਲੱਗਿਆ।

ਥੋਡੀ ਯਾਦ ਵਿਚ ਬੈਠ ਕੇ ਦੋ ਘੜੀਆਂ,
ਇਕ ਦੋ ਪਿਆਰ ਦੇ ਹੰਝੂ ਵਹਾਣ ਲੱਗਿਆ।

ਥੋਨੂੰ ਮਿਲੂ ਹੁੰਗਾਰਾ ਸੰਸਾਰ ਵਿੱਚੋ,
ਮੁੱਢ ਬੰਨਿਆ ਤੁਸੀਂ ਕਹਾਣੀਆਂ ਦਾ।

ਸੌਂਹ ਖਾਂਦੇ ਹਾਂ ਅਸੀਂ ਜਵਾਨੀਆਂ ਦੀ,
ਮੁੱਲ ਤਰਾਂਗੇ ਅਸੀਂ ਕੁਰਬਾਨੀਆਂ ਦਾ।

ਜਿੱਥੇ ਗਏ ਹੋ ਅਸੀਂ ਵੀ ਆਏ ਜਾਣੋ,
ਤੇ ਬਲਦੀ ਚਿਖਾ ਹੁਣ ਠੰਡੀ ਨਾ ਹੋਣ ਦੇਣੀ।

ਗਰਮ ਰੱਖਾਂਗੇ ਦੋਰ ਕੁਰਬਾਨੀਆਂ ਦਾ,
ਲਹਿਰ ਹੱਕਾਂ ਦੀ ਰੰਡੀ ਨਾ ਹੋਣ ਦੇਣੀ।

ਖੇਡਣ ਜਾਂਣਦੇ ਹੜ੍ਹਾਂ ਦੀ ਹਿੱਕ ਅੰਦਰ,
ਤੇ ਸਿਰੀਂ ਜੁਲਮ ਦੀ ਝੰਡੀ ਨਾ ਹੋਣ ਦੇਣੀ।

ਸਾਮਰਾਜ ਦੀ ਮੰਡੀ ਜੇ ਹਿੰਦ ਬਣਿਆ,
ਤਾਂ ਇਹ ਲੋਥਾਂ ਦੀ ਮੰਡੀ ਨਾ ਹੋਣ ਦੇਣੀ।

ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ,
ਕਿ ਅਸੀਂ ਹੋਵਾਂਗੇ ਦੋ ਜਾਂ ਚਾਰ ਲੋਕੋ।

ਬਦਲੇ ਲਏ ਤੋਂ ਵੀ ਜਿਹੜੀ ਟੁਟਣੀ ਨਾ,
ਐਡੀ ਲੰਮੀ ਏ ਸਾਡੀ ਕਤਾਰ ਲੋਕੋ।

ਗਾਇਆ ਤਾਂ ਪੰਡਾਲ ਵਿੱਚ ਬੈਠੇ ਸਰੋਤਿਆਂ ਨੇ ਬਹੁਤ ਮਾਨ ਸਨਮਾਨ ਦਿੱਤਾ।
ਉਦਾਸੀ ਨੇ ਜੋ ਵੀ ਲਿਖਿਆ ਉਹ ਸਧਾਰਨ ਬੋਲੀ ਵਿੱਚ ਲਿਖਿਆ ਹੈ |ਪੰਜਾਬ ਦਾ ਸ਼ਾਇਦ ਹੀ ਅਜਿਹਾ ਕੋਈ ਕਵੀ ਹੋਵੇਗਾ, ਜਿਸ ਦੇ ਗੀਤਾਂ, ਕਵਿਤਾਵਾਂ ਨੇ ਲੱਖਾਂ ਸਧਾਰਨ ਲੋਕਾਂ ਨੂੰ ਹੀ ਨਹੀ ਸਗੋਂ ਬੁੱਧੀਜੀਵੀਆਂ ਨੂੰ ਵੀ ਇਨਕਲਾਬੀ ਪੈਂਤੜੇ ਤੱਕ ਪ੍ਰੇਰਿਤ ਕੀਤਾ ਹੋਵੇ ।

ਕ੍ਰਾਂਤੀਕਾਰੀ ਲਹਿਰ ਨੂੰ ਵਿਕਸਤ ਕਰਨ ਲਈ ਆਪਣੀਆਂ ਕਵਿਤਾਵਾਂ ਵਿੱਚ ਇਤਿਹਾਸਕ ਸਿੱਖ ਵਿਰਸੇ ਨੂੰ ਉਦਾਸੀ ਨੇ ਵਿਗਿਆਨਕ ਅਰਥ ਦਿੱਤੇ |ਉਹ ਜੁਲਮ ਦੇ ਖਿਲਾਫ ਹਰ ਜੱਦੋ -ਜਹਿਦ ਨੂੰ ਕਿਰਤੀ ਜਮਾਤ ਦੀ ਮੁਕਤੀ ਨਾਲ ਜੋੜਦਾ ਹੈ |ਇਤਿਹਾਸਕ ਵਿਰਸੇ ਦੀ ਦੁਰਵਰਤੋਂ ਨੂੰ ਰੋਕਣ ਵਿੱਚ ਉਸ ਦੇ ਗੀਤ ਸਹਾਈ ਹੋਏ ਹਨ |ਇਤਿਹਾਸਕ ਵਿਰਸੇ ਨੂੰ ਉਸ ਦੇ ਨਵੇਂ ਅਰਥ ਪ੍ਰਦਾਨ ਕੀਤੇ ਹਨ ਜਿਵੇ : –

ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ,
ਕਿਵੇਂ ਤਰਨਗੇ ਜੁਝਾਰ ਅਜੀਤ ਤੇਰੇ ।

ਟੁੱਭੀ ਮਾਰ ਕੇ 'ਸਰਸਾ' ਦੇ ਰੋੜ੍ਹ ਅੰਦਰ,
ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ ।

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ ।

ਝੋਰਾ ਕਰੀਂ ਨਾ ਕਿਲ੍ਹੇ ਅਨੰਦਪੁਰ ਦਾ,
ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ ।

ਮਾਛੀਵਾੜੇ ਦੇ ਸੱਥਰ ਦੇ ਗੀਤ ਵਿੱਚੋਂ,
ਅਸੀ ਉਠਾਂਗੇ ਚੰਡੀ ਦੀ ਵਾਰ ਬਣ ਕੇ ।

ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ,
ਛਾਂਗ ਦਿਆਗੇ ਖੰਡੇ ਦੀ ਧਾਰ ਬਣ ਕੇ ।

ਬਾਪੂ ! ਸੱਚੇ ਇਕ ਕੌਮੀ ਸਰਦਾਰ ਤਾਈਂ,
ਪੀਰ ਉੱਚ ਦਾ ਵੀ ਬਣਨਾ ਪੈ ਸਕਦੈ ।

ਖ਼ੂਨ ਜਿਗਰ ਦੇ ਨਾਲ ਤਾਂ ਜ਼ਫਰਨਾਮਾ,
ਤੇਰੀ ਕਲਮ ਨੂੰ ਵੀ ਘੜਨਾ ਪੈ ਸਕਦੈ ।

(ਪਰ) ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਏਂ,
ਅਜੇ ਤੱਕ ਉਹ ਸਾਡੇ ਹਥਿਆਰ ਜਿਉਂਦੇ ।

ਗੂਠਾ ਲਾਇਆ ਨਹੀ ਜਿਨ੍ਹਾਂ ਬੇਦਾਵਿਆਂ 'ਤੇ,
ਸਿੰਘ ਅਜੇ ਵੀ ਲੱਖ ਹਜ਼ਾਰ ਜਿਉਂਦੇ ।

ਉਦਾਸੀ ਦੀ ਦੀ ਸਮੁੱਚੀ ਘਾਲਣਾ ਮਿਹਨਤਕਸ਼ ਲੋਕਾਂ ਦਾ ਅਨਮੋਲ ਖਜ਼ਾਨਾ ਹੈ |ਕਿਸਾਨੀ ਘੋਲਾਂ 'ਚ ਅੱਜ ਵੀ ਉਦਾਸੀ ਦੇ ਬੋਲ ਸਿੱਧ ਹੋ ਰਹੇ ਹਨ |ਅੱਜ ਦੇ ਸਮੇਂ ਵਿੱਚ ਕਿਸਾਨੀ ਲਹਿਰਾਂ ਨੂੰ ਉਦਾਸੀ ਦੀ ਬੜੀ ਲੋੜ ਸੀ| ਉਦਾਸੀ ਜਿਊਂਦਾ ਹੁੰਦਾ ਤਾਂ ਅਜੋਕੇ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਦਾ ਮੁੱਖ ਬੁਲਾਰਾ ਹੋਣਾ ਸੀ। ਉਸ ਨੇ ਹਜ਼ਾਰਾਂ ਦੇ ਲੋਕਾਂ ਦੇ ਇਕੱਠ ਵਿਚ ਉੱਚੀ ਹੇਕ ਨਾਲ ਗਾਉਣਾ ਸੀ:-
ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋ, ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ

ਅਸੀਂ ਤੋੜ ਦੇਣੀ, ਅਸੀਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆਂ...

ਗੱਜਣਗੇ ਸ਼ੇਰ ਜਦੋਂ, ਭੱਜਣਗੇ ਕਾਇਰ ਸੱਭੇ

ਰੱਜਣਗੇ ਕਿਰਤੀ ਕਿਸਾਨ ਮੁੜ ਕੇ

ਜ਼ਰਾ ਹੱਲਾ ਮਾਰੇ, ਜ਼ਰਾ ਹੱਲਾ ਮਾਰੇ, ਕਿਰਤੀ ਕਿਸਾਨ ਜੁੜ ਕੇ...

ਸੁਣ ਲਵੋ ਕਾਗੋ, ਅਸੀਂ ਕਰ ਦੇਣਾ ਪੁੱਠੇ ਥੋਨੂੰ

ਘੁੱਗੀਆਂ ਦੇ ਬੱਚਿਆਂ ਨੂੰ ਕੋਹਣ ਵਾਲਿਓ

ਰੋਟੀ ਬੱਚਿਆਂ ਦੇ, ਰੋਟੀ ਬੱਚਿਆਂ ਦੇ ਹੱਥਾਂ ਵਿਚੋਂ ਖੋਹਣ ਵਾਲਿਓ |

ਉਦਾਸੀ ਦੇ ਲਿਖੇ ਗੀਤਾਂ ਨੂੰ ਪੰਜਾਬ ਦੇ ਪ੍ਰਸਿੱਧ ਗਾਇਕ ਜਸਬੀਰ ਜੱਸੀ, ਅਰਜਨ ਢਿੱਲੋਂ, ਨਿਮਰਤ ਖਹਿਰਾ,ਕਰਮਜੀਤ ਅਨਮੋਲ, ਰਣਜੀਤ ਬਾਵਾ,ਰਵਿੰਦਰ ਗਰੇਵਾਲ,ਲਖਵਿੰਦਰ ਵਡਾਲੀ,ਸੁਨੰਦਾ ਸ਼ਰਮਾ,ਬਲਬੀਰ ਬੀਰਾ,ਜਸਵੰਤ ਸੰਦੀਲਾ, ਹਰਦੇਵ ਮਾਹੀਨੰਗਲ, ਮੀਨੂੰ ਸਿੰਘ, ਮਨਜੀਤ ਪੱਪੂ,ਦਵਿੰਦਰ ਕੋਹਿਨੂਰ,ਸਿਮਰਤਾ ਰਮਣੀਕ, ਇਕਬਾਲ ਕਲੇਰ ,ਕੁਲਵਿੰਦਰ ਕੰਵਲ ਅੱਜ ਵੀ ਸਟੇਜਾਂ ਤੇ ਗਾਉਂਦੇ ਹਨ| ਉਦਾਸੀ ਦੇ ਨਾਮ ਤੇ ਉਸਦੇ ਜੱਦੀ ਪਿੰਡ ਰਾਏਸਰ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,ਖੇਡ ਸਟੇਡੀਅਮ, ਸ਼ਾਨਦਾਰ ਲਾਇਬ੍ਰੇਰੀ ਅਤੇ ਬੱਸ ਸਟੈਂਡ ਬਣੇ ਹੋਏ ਹਨ|

ਇਹ ਇਨਕਲਾਬੀ ਯੋਧਾ ਹਜੂਰ ਸਾਹਿਬ (ਨਾਂਦੇੜ) ਤੋਂ ਵਾਪਿਸ ਪਰਤਦਾ ਹੋਇਆ ਰੇਲ ਸਫਰ ਦੌਰਾਨ ਅਚਾਨਕ 6 ਨਵੰਬਰ 1986 ਨੂੰ ਇਹ ਕਹਿੰਦਾ ਹੋਇਆ ਅਲਵਿਦਾ ਆਖ ਗਿਆ –

ਹੁਣ ਤੁਹਾਡੀ ਯਾਦ ਵਿੱਚ ਸਾਥੀਓ ਨਾ ਰੋਵਾਂਗਾ ਮੈਂ |

ਉਸਦੀ ਕਲਮ 'ਚੋਂ ਉਕਰੇ ਸ਼ਬਦ ਅਖੁੱਟ -ਖਜ਼ਾਨਾ ਹਨ |ਇਸ ਵਿਰਸੇ ਨੂੰ ਮਿਹਨਤਕਸ਼ ਲੋਕਾਂ ਨੇ ਹੀ ਸੰਭਾਲਣਾ ਹੈ |ਉਦਾਸੀ ਲਿਤਾੜੇ ਜਾ ਰਹੇ ਲੋਕਾਂ ਦਾ ਕਵੀ ਸੀ|ਉਸ ਨੂੰ ਸ਼ਰਧਾਂਜਲੀ ਚਾਰ ਸ਼ਬਦ ਬੋਲ ਕੇ ਹੀ ਦਿੱਤੀ ਜਾ ਸਕਦੀ, ਸਗੋਂ ਉਸਦੀ ਅਧੂਰੀ ਛੱਡੀ ਜ਼ਿੰਮੇਵਾਰੀ ਨੂੰ ਪੂਰੀ ਕਰਨਾ ਹੀ ਸੱਚੀ ਸ਼ਰਧਾਂਜਲੀ ਹੋਵੇਗੀ :-

ਮੇਰੀ ਮੌਤ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ ।
ਮੇਰੇ ਲਹੂ ਦਾ ਕੇਸਰ ਰੇਤੇ 'ਚ ਨਾ ਰਲਾਇਓ ।

ਮੇਰੀ ਵੀ ਜਿੰਦਗੀ ਕੀ ? ਬਸ ਬੂਰ ਸਰਕੜੇ ਦਾ,
ਆਹਾਂ ਦਾ ਸੇਕ ਕਾਫ਼ੀ, ਤੀਲੀ ਬੇਸ਼ੱਕ ਨਾ ਲਾਇਓ ।

ਹੋਣਾ ਨਹੀਂ ਮੈ ਚਾਹੁੰਦਾ, ਸੜ ਕੇ ਸੁਆਹ ਇਕੇਰਾਂ,
ਜਦ ਜਦ ਢਲੇਗਾ ਸੂਰਜ, ਕਣ ਕਣ ਮੇਰਾ ਜਲਾਇਓ ।

ਵਲਗਣ 'ਚ ਕੈਦ ਹੋਣਾ, ਮੇਰੇ ਨਹੀਂ ਮੁਆਫ਼ਕ,
ਯਾਰਾਂ ਦੇ ਵਾਂਗ ਅਰਥੀ ਸੜਕਾਂ 'ਤੇ ਹੀ ਜਲਾਇਓ ।

ਜੀਵਨ ਤੋਂ ਮੌਤ ਤਾਈਂ, ਆਉਂਦੇ ਬੜੇ ਚੁਰਾਹੇ,
ਜਿਸ ਦਾ ਹੈ ਪੰਧ ਬਿਖੜਾ, ਓਸੇ ਹੀ ਰਾਹ ਲਿਜਾਇਓ ।

ਮੇਰੀ ਮੌਤ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ ।
ਮੇਰੇ ਲਹੂ ਦਾ ਕੇਸਰ ਰੇਤੇ 'ਚ ਨਾ ਰਲਾਇਓ ।